ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ

1. ਸਮੂਹ ਵਿਭਾਗਾਂ ਦੇ ਮੁੱਖੀ।
2. ਸਮੂਹ ਡਵੀਜ਼ਨਾਂ ਦੇ ਕਮਿਸ਼ਨਰ, ਪੰਜਾਬ ।
3. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ।
4. ਸਮੂਹ ਡਿਪਟੀ ਕਮਿਸ਼ਨਰ, ਪੰਜਾਬ।
5. ਸਮੂਹ ਉਪ ਮੰਡਲ ਅਫਸਰ(ਸਿਵਲ), ਪੰਜਾਬ ।

ਮੀਮੋ ਨੰ: 1/3/2017-ਰ.ਸ.2/ 11
ਮਿਤੀ ਚੰਡੀਗੜ੍ਹ 13/1/2017

ਵਿਸ਼ਾ:- Running roster ਨੂੰ ਤੁਰੰਤ ਬੰਦ ਕਰਨ ਬਾਰੇ।

***

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ।

2. ਇਹ ਵੇਖਣ ਵਿੱਚ ਆਇਆ ਹੈ ਕਿ ਸਰਕਾਰ ਦੇ ਕਈ ਵਿਭਾਗਾਂ/ਅਦਾਰਿਆਂ ਵੱਲੋਂ ਕਾਡਰ ਵਿੱਚ ਰਿਜ਼ਰਵੇਸ਼ਨ ਪੂਰੀ ਹੋਣ ਉਪਰੰਤ ਵੀ ਰੋਸਟਰ ਰਜਿਸਟਰ ਨੂੰ ਚਾਲੂ ਰੱਖਿਆ ਜਾਂਦਾ ਹੈ ਜਦੋਂ ਕਿ ਪ੍ਰਵਾਨਤ ਕਾਡਰ ਵਿੱਚ ਰਿਜ਼ਰਵੇਸ਼ਨ ਪੂਰਾ ਹੋਣ ਉਪਰੰਤ ਇਹ ਵਿਧੀ ਲਾਗੂ ਨਹੀਂ ਹੁੰਦੀ। ਇੱਕ ਵਾਰੀ ਪ੍ਰਵਾਨਤ ਕਾਡਰ ਵਿਚ ਸਾਰੀਆਂ ਪੋਸਟਾ ਭਰ ਜਾਣ ਤੋਂ ਬਾਅਦ ਰੋਸਟਰ ਰਜਿਸਟਰ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਸ ਤੋ ਬਾਅਦ ਭਵਿੱਖ ਵਿਚ ਜਿਸ ਵੀ ਕੈਟਾਗਰੀ ਦੇ ਕਰਮਚਾਰੀ ਵੱਲੋਂ ਕਿਸੇ ਵੀ ਕਾਰਨ ਕਰਕੇ ਸੀਟ ਖਾਲੀ ਕੀਤੀ ਜਾਂਦੀ ਹੈ ਤਾਂ, ਉਸੇ ਕੈਟਾਗਰੀ ਵੱਲੋਂ ਉਹ ਸੀਟ ਭਰੀ ਜਾਣੀ ਬਣਦੀ ਹੈ। ਇਸ ਸਬੰਧੀ ਭਲਾਈ ਵਿਭਾਗ ਵੱਲੋਂ ਪੱਤਰ ਨੰਬਰ:3/8/95-RC-3/4853 ਮਿਤੀ 10-7-1995, ਪੱਤਰ ਨੰਬਰ:3/8/95-RC-3/5071 ਮਿਤੀ 14-7-1995 ਅਤੇ ਪੱਤਰ ਨੰਬਰ 2/27/2004-ਰਸ1/873745/1 ਮਿਤੀ 9-11-2016 ਰਾਹੀਂ ਪਹਿਲਾਂ ਹੀ ਵਿਸਥਾਰਪੂਰਵਕ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਇਸ ਨੁਕਤੇ ਸਬੰਧੀ The Punjab Scheduled Castes and Backward Classes (Reservation in Services) Act, 2006 ਦੀ ਧਾਰਾ 4 (6) ਵਿੱਚ ਵੀ ਹੇਠ ਲਿਖੇ ਅਨੁਸਾਰ ਉਪਬੰਧ ਹੈ:-

> "Reservation shall be implemented by reserving vacancies by means of a running roster, as may be prescribed till the percentage of reservation, as specified in sub section (2), (3) and (4) are completed."

3. ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਭਲਾਈ ਵਿਭਾਗ ਦੀਆਂ ਹਦਾਇਤਾਂ ਮਿਤੀ 10-7-95 ਅਤੇ ਰਿਜ਼ਰਵੇਸ਼ਨ ਐਕਟ 2006 ਦੀ ਧਾਰਾ 4(6) ਅਨੁਸਾਰ ਕਾਡਰ ਵਿੱਚ ਰਿਜ਼ਰਵੇਸ਼ਨ ਪੂਰਾ ਹੋਣ ਉਪਰੰਤ ਰੋਸਟਰ ਰਜਿਸਟਰ ਨੂੰ ਬੰਦ ਕਰਕੇ, ਭਵਿੱਖ ਵਿੱਚ ਜਿਸ ਕੈਟਾਗਰੀ ਦੀ ਆਸਾਮੀ ਖਾਲੀ ਹੋਵੇਗੀ, ਉਸੇ ਕੈਟਾਗਰੀ ਦੇ ਅਧਿਕਾਰੀ/ਕਰਮਚਾਰੀ ਵਿੱਚੋਂ ਭਰਨੀ ਯਕੀਨੀ ਬਣਾਈ ਜਾਵੇ।

4. 6 ਫਰਵਰੀ 2017 ਤੋ ਹਰ ਮਹਿਕਮੇ /ਅਦਾਰਿਆਂ ਦੇ ਵਿਚ ਰੱਖੇ ਰੋਸਟਰ ਰਜਿਸਟਰਾਂ ਦੀ ਪੜਤਾਲ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਵਿਭਾਗ /ਅਦਾਰਾ ਉਪਰੋਕਤ ਹਦਾਇਤਾਂ ਦੇ ਉਲਟ ਕੰਮ ਕਰਦਾ ਪਾਇਆ ਗਿਆ, ਭਾਵ ਰੋਸਟਰ ਰਜਿਸਟਰ running shape ਵਿਚ ਪਿਆ ਮਿਲਿਆ, ਤਾਂ ਸਬੰਧਤ ਅਫਸਰ ਵਿਰੁੱਧ ਕਾਨੂੰਨੀ ਕਾਰਵਾਈ ਤੁਰੰਤ ਆਰੰਭੀ ਜਾਵੇਗੀ ਜੀ।

4 ਇਹ ਆਪ ਜੀ ਦੀ ਜਾਣਕਾਰੀ ਅਤੇ ਯੋਗ ਕਾਰਵਾਈ ਲਈ ਹੈ ਜੀ।

(ਕਿਰਪਾ ਸ਼ੰਕਰ ਸਰੋਜ) ਆਈ.ਏ.ਐਸ
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਭਲਾਈ
ਵਿਭਾਗ। 13/1/2017